ਬੈੱਡ ਬਗਜ਼ (ਖਟਮਲ) ਖ਼ਤਮ
647-688-3944

Electrtic Brush or Teeth Whitening
FREE ਮੁਫ਼ਤ
905-458-3344
With Teeth Cleaning & New Patient Exam

Line of Credit
Fix Bad Credit
Get OSAP Loan
905-965-4644

ਮਰਦਾਨਾ ਕਮਜ਼ੋਰੀ
416-992-5489

ਵਕੀਲ ਦੀ ਲੋੜ ?
905-362-0755

ਬੈੱਡ ਬਗਜ਼ (ਖਟਮਲ) ਖ਼ਤਮ
647-688-3944

ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ
647-829-2454

ਸਸਤੀਆਂ ਹਵਾਈ ਟਿਕਟਾਂ
905-595-1700

## ਰੂਹ ਦੀ ਖੁਰਾਕ

ਕੰਵਰ ਸੰਦੀਪ ਸਿੰਘ
email:sunnyb@gmail.com
Cell: 1-416-992-5489

### ਇਨਸਾਨ ਬਣਨ ਲਈ ਮੇਰੀ ਜੱਦੋਜਹਿਦ !

ਜੇ ਤੁਸੀਂ ਸਖ਼ਤ ਮਿਹਨਤ ਕਰੋ, ਅਤੇ ਤੁਹਾਡੀ ਮਿਹਨਤ ਵਿਅਰਥ ਚਲੀ ਜਾਵੇ ਤਾਂ ਕੀ ਹੋਵੇਗਾ ? ਕੀ ਹੋਵੇਗਾ ਜੇਕਰ ਕੋਈ ਤੁਹਾਨੂੰ ਆਪਣਾ ਕੰਮ ਪੂਰਾ ਕਰਨ ਤੋਂ ਤੁਰੰਤ ਬਾਅਦ ਕਹਿ ਦੇਵੇ ਕਿ ਅਸਲ 'ਚ ਉਸ ਕੰਮ ਨੂੰ ਕਰਨ ਦੀ ਕੋਈ ਲੋੜ ਹੀ ਨਹੀਂ ਸੀ – ਜਾਂ ਤੁਹਾਡੀ ਸਾਰੀ ਮਿਹਨਤ ਨਾਲ ਕੋਈ ਫ਼ਰਕ ਨਹੀਂ ਪੈਣ ਵਾਲਾ ? ਕੀ ਇਸ ਨਾਲੋਂ ਚੰਗਾ ਇਹ ਨਾ ਹੁੰਦਾ ਕਿ ਤੁਸੀਂ ਵਿਹਲੇ ਬਹਿ ਕੇ ਮੌਜਾਂ ਮਾਣੀਆਂ ਹੁੰਦੀਆਂ ? ਨਹੀਂ, ਕਿਉਂਕਿ ਉਹ ਗਤੀਵਿਧੀਆਂ ਜੋ ਸਾਨੂੰ ਖ਼ੁਸ਼ੀ ਦੇਣ ਹਮੇਸ਼ਾ ਕਰਨੀਆਂ ਚਾਹੀਦੀਆਂ ਹਨ, ਭਾਵੇਂ ਸਾਨੂੰ ਉਨ੍ਹਾਂ ਦਾ ਕੋਈ ਸਿਲਾ ਮਿਲੇ ਜਾਂ ਨਾ। ਆਪਣੀ ਊਰਜਾ ਨੂੰ ਸੇਵਾ, ਸਮਰਪਣ, ਪ੍ਰੇਰਣਾ ਦਾ ਸ੍ਰੋਤ ਬਣਨ ਅਤੇ ਨਿੱਜੀ ਸੰਤੁਸ਼ਟੀ ਦੀ ਪੂਰਤੀ 'ਚ ਲਗਾਓ। ਫ਼ਿਰ, ਤੁਸੀਂ ਸੁਰੱਖਿਅਤ ਮਹਿਸੂਸ ਕਰੋਗੇ, ਭਾਵੇਂ ਤੁਹਾਨੂੰ ਆਪਣੀ ਜ਼ਿੰਦਗੀ ਬਾਰੇ ਕਿੰਨੇ ਵੀ ਖ਼ਦਸ਼ੇ ਕਿਓਂ ਨਾ ਹੋਣ।

ਤੁਸੀਂ ਆਪਣਾ ਨਵਾਂ ਸਟੋਵ ਓਦੋਂ ਤਕ ਇੰਸਟਾਲ ਨਹੀਂ ਕਰ ਸਕਦੇ ਜਦੋਂ ਤਕ ਪਲੰਮਰ (**Plumber**) ਸਿੰਕ ਨੂੰ ਥੋੜ੍ਹਾ ਪਰਾਂ ਮੂਵ ਨਹੀਂ ਕਰ ਦਿੰਦਾ। ਸਿੰਕ ਨੂੰ ਓਦੋਂ ਤਕ ਨਹੀਂ ਹਟਾਇਆ ਜਾ ਸਕਣਾ ਜਦੋਂ ਤਕ ਉਸ ਸਿੰਕ ਨੂੰ ਹਟਾਉਣ ਮਗਰੋਂ ਖ਼ਾਲੀ ਹੋਈ ਜਗ੍ਹਾ ਲਈ ਇੱਕ ਕੈਬਿਨੇਟ ਨਹੀਂ ਆ ਜਾਂਦੀ। ਉਹ ਕੈਬਿਨੇਟ ਓਦੋਂ ਤਕ ਡਲਿਵਰ ਨਹੀਂ ਹੋਣੀ ਜਦੋਂ ਤਕ ਤੁਸੀਂ ਉਸ ਦਾ ਭੁਗਤਾਨ ਨਹੀਂ ਕਰਦੇ। ਤੁਹਾਡੇ ਕੋਲ ਪੈਸੇ ਓਦੋਂ ਤਕ ਨਹੀਂ ਆਉਣੇ ਜਦੋਂ ਤਕ ਤੁਸੀਂ ਆਪਣਾ ਪੁਰਾਣਾ ਸਟੋਵ ਨਹੀਂ ਵੇਚ ਲੈਂਦੇ। ਕੀ ਇਹ ਸਾਰਾ ਸਿਲਸਿਲਾ ਜਾਣਿਆ-ਪਛਾਣਿਆ ਜਿਹਾ ਲੱਗਦੈ ? ਤੁਹਾਡੀ ਨਿੱਜੀ ਜ਼ਿੰਦਗੀ ਵਿਚਲੀਆਂ ਮੌਜੂਦਾ ਚੁਣੌਤੀ ਦਾ ਸ਼ਾਇਦ ਰਸੋਈਆਂ ਨਾਲ ਕੋਈ ਲੈਣਾ-ਦੇਣਾ ਨਾ ਹੋਵੇ, ਪਰ ਉਸ 'ਚ ਵੀ ਆਪਸ 'ਚ ਜੁੜੀਆਂ ਕੁਝ ਘਟਨਾਵਾਂ ਦੀ ਇੱਕ ਗੁੰਝਲਦਾਰ ਲੜੀ ਮੌਜੂਦ ਹੈ। ਕਿਸੇ ਨਾ ਕਿਸੇ ਤਰ੍ਹਾਂ, ਤੁਹਾਨੂੰ ਇੱਕ ਚੱਕਰ ਦੇ ਖੇਤਰਫ਼ਲ ਨੂੰ ਵਰਗਾਕਾਰ ਕਰਨ ਦੀ ਲੋੜ ਹੈ। ਕਾਰਜ ਔਖਾ ਜਾਂ ਅਸੰਭਵ ਹੋ ਸਕਦੈ, ਪਰ ਜਲਦੀ ਹੀ ਇਹ ਹੋਣ ਵਾਲਾ ਹੈ।

70ਵੇਂ ਦੇ ਦਹਾਕੇ 'ਚ, ਹੌਲੀਵੁਡ ਦੀ ਇੱਕ ਬਹੁਤ ਹੀ ਸਫ਼ਲ ਫ਼ਿਲਮ **Love Story** ਨੇ ਇੱਕ ਮਸ਼ਹੂਰ ਕਹਾਵਤ ਨੂੰ ਜਨਮ ਦਿੱਤਾ ਸੀ। "ਸੱਚੇ ਪਿਆਰ 'ਚ ਕਦੇ ਵੀ ਮੁਆਫ਼ੀ ਮੰਗਣ ਦੀ ਲੋੜ ਨਹੀਂ ਪੈਣੀ ਚਾਹੀਦੀ।" ਇਸ 'ਚ ਕੋਈ ਹੈਰਾਨੀ ਨਹੀਂ ਕਿ ਉਸ ਦਹਾਕੇ ਦੌਰਾਨ ਤਲਾਕਾਂ ਦੀ ਦਰ 'ਚ ਜ਼ਬਰਦਸਤ ਵਾਧਾ ਹੋਇਆ। ਮੁਆਫ਼ੀ ਦੇਣਾ ਅਤੇ ਮੰਗਣਾ ਭਾਵਪੂਰਣ ਮਨੁੱਖੀ ਪ੍ਰਦਰਸ਼ਣ ਹਨ। ਕੁਝ ਲੋਕ ਮੁਆਫ਼ੀ ਸ਼ਬਦ ਦੀ ਬਹੁਤ ਜ਼ਿਆਦਾ ਵਰਤੋਂ ਕਰਦੇ ਨੇ, ਦੂਸਰੇ ਇਸ ਨੂੰ ਬਹੁਤ ਹੀ ਘੱਟ ਵਰਤਦੇ ਹਨ ਪਰ ਤੁਹਾਡੀ ਨਿੱਜੀ ਜ਼ਿੰਦਗੀ 'ਚ ਕਿਤੇ ਨਾ ਕਿਤੇ, ਮੁਆਫ਼ੀ ਮੰਗਣੀ ਇਸ ਵਕਤ ਜ਼ਰੂਰੀ ਹੈ। ਜੇਕਰ ਮੁਆਫ਼ੀ ਮੰਗਣਾ ਤੁਹਾਡੇ 'ਤੇ ਨਿਰਭਰ ਕਰਦੈ ਤਾਂ ਬਹਾਦਰ ਅਤੇ ਸੁਹਿਰਦ ਬਣੋ। ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਕਿਸੇ ਨੂੰ ਤੁਹਾਡੇ ਕੋਲੋਂ ਮੁਆਫ਼ੀ ਮੰਗਣੀ ਚਾਹੀਦੀ ਹੈ, ਅਤੇ ਤੁਸੀਂ ਦੇਣ ਦੇ ਯੋਗ ਹੋ ਤਾਂ ਫ਼ਿਰ ਮੁਆਫ਼ ਕਰੋ, ਭਾਵੇਂ ਤੁਸੀਂ ਉਨ੍ਹਾਂ ਦੀ ਗ਼ਲਤੀ ਨੂੰ ਭੁੱਲਾ ਨਾ ਵੀ ਸਕੋ। ਸ਼ਿਕਵੇ-ਸ਼ਿਕਾਇਤਾਂ ਸਾਨੂੰ ਸਾਰਿਆਂ ਨੂੰ ਅੱਗੇ ਵਧਣ ਤੋਂ ਰੋਕਦੇ ਹਨ। ਤੁਹਾਡੇ ਕੋਲ ਇਸ ਵਕਤ ਆਜ਼ਾਦੀ ਪ੍ਰਾਪਤ ਕਰਨ ਦਾ ਇੱਕ ਸੁਨਹਿਰੀ ਮੌਕਾ ਹੈ।

ਲੋਕ ਕਹਿੰਦੇ ਨੇ ਕਿ ਜਿੰਨਾ ਚਿਰ ਤੁਸੀਂ ਜ਼ਿੰਦਾ ਹੋ, ਸਿਖਦੇ ਰਹਿੰਦੇ ਹੋ। ਅਤੇ ਅਸੀਂ ਸਾਰੇ ਅਜਿਹਾ ਕਰਦੇ ਹਾਂ, ਪਰ ਅਸੀਂ ਜ਼ਰੂਰੀ ਤੌਰ 'ਤੇ ਇਸ ਨੂੰ ਬਿਲਕੁਲ ਇਸੇ ਕ੍ਰਮ 'ਚ ਨਹੀਂ ਕਰਦੇ। ਕਈ ਵਾਰ, ਅਜਿਹਾ ਵੀ ਹੁੰਦੈ ਕਿ ਜਦੋਂ ਅਸੀਂ ਕਾਫ਼ੀ ਕੁਝ ਸਿੱਖ ਲੈਂਦੇ ਹਾਂ ਤਾਂ ਸੱਚਮੁੱਚ ਆਪਣੀ ਜ਼ਿੰਦਗੀ ਨੂੰ ਜੀਣਾ ਸ਼ੁਰੂ ਕਰ ਸਕਦੇ ਹਾਂ। ਤੁਸੀਂ ਹੁਣ ਇੱਕ ਬਹੁਤ ਹੀ ਕੀਮਤੀ ਸਿੱਖਿਆ ਪ੍ਰਕਿਰਿਆ 'ਚੋਂ ਲੰਘ ਰਹੇ ਹੋ। ਤੁਹਾਡੀਆਂ ਅੱਖਾਂ ਉਨ੍ਹਾਂ ਸੂਝਾਂ ਪ੍ਰਤੀ ਖੁੱਲ੍ਹ ਰਹੀਆਂ ਹਨ ਜੋ ਪਹਿਲਾਂ ਪ੍ਰਾਪਤ ਨਹੀਂ ਸੀ ਕੀਤੀਆਂ ਜਾ ਸਕਦੀਆਂ, ਪਰ ਫ਼ਿਰ ਵੀ ਤੁਸੀਂ ਜਸ਼ਨ ਮਨਾਉਣ ਦੇ ਮੂਡ 'ਚ ਕਿਓਂ ਨਹੀਂ ? ਹੁਣ ਤੁਸੀਂ ਜੋ ਕੁਝ ਵੀ ਸਿੱਖ ਰਹੇ ਹੋ, ਉਸ ਨੂੰ ਹਜ਼ਮ ਕਰਨ 'ਚ ਤੁਹਾਨੂੰ ਥੋੜ੍ਹਾ ਸਮਾਂ ਲੱਗ ਸਕਦੈ, ਪਰ ਜਲਦੀ ਹੀ ਇਹ ਤੁਹਾਡੀ ਨਿੱਜੀ ਜ਼ਿੰਦਗੀ ਨੂੰ ਬਿਹਤਰ ਬਣਾਉਣਾ ਸ਼ੁਰੂ ਕਰ ਦੇਵੇਗਾ।

"ਮੇਰੇ ਕੋਲ ਸਿਖਾਉਣ ਲਈ ਸਿਰਫ਼ ਤਿੰਨ ਚੀਜ਼ਾਂ ਹਨ: ਸਾਦਗੀ, ਧੀਰਜ ਅਤੇ ਦਇਆ। ਇਹ ਤਿੰਨੋਂ ਤੁਹਾਡੇ ਸਭ ਤੋਂ ਵੱਡੇ ਖ਼ਜ਼ਾਨੇ ਹਨ।" ਅਜਿਹਾ ਕਹਿਣਾ ਸੀ ਲਾਓ ਜ਼ੂ ਦਾ। ਤੁਸੀਂ ਪੁੱਛੋਗੇ ਲਾਓ ਕੌਣ ? ਖ਼ੈਰ, ਇੱਕ ਗੱਲ ਪੱਕੀ ਹੈ। ਕੋਈ ਵੀ ਸਹੀ ਤਰ੍ਹਾਂ ਇਹ ਨਹੀਂ ਜਾਣਦਾ ਕਿ ਉਹ ਕੌਣ ਸੀ ਜਾਂ ਉਹ ਕਦੋਂ ਇਸ ਧਰਤੀ 'ਤੇ ਰਹਿੰਦਾ ਸੀ। ਕੁਝ ਲੋਕ ਕਹਿੰਦੇ ਨੇ ਕਿ ਉਹ ਕੁਝ ਹਜ਼ਾਰ ਸਾਲ ਪਹਿਲਾਂ ਚੀਨ 'ਚ ਪੈਦਾ ਹੋਏ ਦਾਰਸ਼ਨਿਕ ਕਨਫ਼ਿਊਸ਼ਸ ਦਾ ਸਮਕਾਲੀ ਸੀ। ਪਰ, ਅਸੀਂ ਜਾਣਦੇ ਹਾਂ ਕਿ ਉਸ ਨੇ ਕੀ ਕਿਹਾ ਸੀ। ਅਤੇ ਜੇ ਉਸ ਨੇ ਇਸ ਤਰ੍ਹਾਂ ਦੀਆਂ ਗੱਲਾਂ ਸੱਚਮੁੱਚ ਕਹੀਆਂ ਸਨ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਉਸ ਨੂੰ ਇੰਨਾ ਸਤਿਕਾਰ ਦਿੱਤਾ ਜਾਂਦੈ। ਆਪਣੇ ਦਿਲ ਦੇ ਮਾਮਲੇ 'ਚ, ਤੁਹਾਨੂੰ ਸਿਰਫ਼ ਸਾਦਗੀ, ਧੀਰਜ ਅਤੇ ਦਇਆ ਦੀ ਲੋੜ ਹੈ। ਇਨ੍ਹਾਂ ਤੋਂ ਹੀ ਬਾਕੀ ਸਭ ਕੁਝ ਆਵੇਗਾ।

# ਅਮਰੀਕਾ ਨਾਲ ਕੁੜੱਤਣ ਅਤੇ ਚੀਨ ਨਾਲ ਦੋਸਤੀ ਨੇ ਕੈਨੇਡਾ ਦੀ ਵਿਦੇਸ਼ ਨੀਤੀ ਨੇ ਲਿਆਂਦਾ ਵੱਡਾ ਭੂਚਾਲ

ਔਟਵਾ: ਦੁਨੀਆਂ ਦੀ ਸਿਆਸਤ 'ਚ ਇੱਕ ਅਜਿਹਾ ਦੌਰ ਸ਼ੁਰੂ ਹੋ ਚੁੱਕਾ ਹੈ ਜਿੱਥੇ ਪੁਰਾਣੇ ਦੋਸਤ ਭਰੋਸੇਮੰਦ ਨਹੀਂ ਰਹੇ ਅਤੇ ਪੁਰਾਣੇ ਵਿਰੋਧੀ ਅਚਾਨਕ ਫ਼ਾਇਦੇਮੰਦ ਦਿਖਣ ਲੱਗੇ ਹਨ। ਇਸ ਉਥਲ-ਪੁਥਲ ਦੀ ਸਭ ਤੋਂ ਵੱਡੀ ਮਿਸਾਲ ਬਣ ਕੇ ਕੈਨੇਡਾ ਉੱਭਰਿਆ ਹੈ। ਦਹਾਕਿਆਂ ਤਕ ਅਮਰੀਕਾ ਦਾ ਪਰਛਾਵਾਂ ਬਣ ਕੇ ਚੱਲਣ ਵਾਲਾ ਕੈਨੇਡਾ ਹੁਣ ਆਪਣੇ ਲਈ ਵੱਖਰਾ ਰਸਤਾ ਲੱਭਦਾ ਦਿਖਾਈ ਦੇ ਰਿਹਾ ਹੈ। ਚੀਨ ਨਾਲ ਟੈਰਿਫ਼ ਡੀਲ, ਵਪਾਰਕ ਨਜ਼ਦੀਕੀਆਂ ਅਤੇ ਰਣਨੀਤਕ ਸਾਂਝੇਦਾਰੀ ਵਰਗੇ ਸ਼ਬਦ ਇਸ ਗੱਲ ਦੇ ਸੰਕੇਤ ਹਨ ਕਿ ਔਟਵਾ ਹੁਣ ਵਾਸ਼ਿੰਗਟਨ ਦੀ ਹਰ ਲਾਈਨ 'ਤੇ ਚੱਲਣ ਲਈ ਤਿਆਰ ਨਹੀਂ। ਮਾਮਲੇ ਨਾਲ ਜੁੜੇ ਜਾਣਕਾਰ ਕਹਿੰਦੇ ਹਨ ਕਿ ਕੈਨੇਡਾ ਦਾ ਇਹ ਰੁਖ਼ ਕੋਈ ਭਾਵਨਾਤਮਕ ਜਾਂ ਵਿਚਾਰਧਾਰਕ ਬਦਲਾਅ ਨਹੀਂ ਸਗੋਂ ਠੰਢੀ ਗਣਨਾ ਅਤੇ ਮਜਬੂਰੀ 'ਚੋਂ ਪੈਦਾ ਹੋਇਆ ਇੱਕ ਫ਼ੈਸਲਾ ਹੈ। ਕੈਨੇਡਾ ਦੇ ਇਸ ਕਦਮ ਨੇ ਦੁਨੀਆਂ ਭਰ ਦੇ ਦੇਸ਼ਾਂ 'ਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ।

**ਆਖ਼ਰ ਕੈਨੇਡਾ ਨੂੰ ਕਿਉਂ ਬਦਲਣਾ ਪਿਆ ਰਸਤਾ ?** ਅਮਰੀਕਾ ਦੀਆਂ ਨੀਤੀਆਂ



ਨੇ ਜਿਸ ਭਰੋਸੇ ਨੂੰ ਤੋੜਿਆ ਹੈ, ਉਸੇ ਖ਼ਾਲੀ ਥਾਂ 'ਚ ਚੀਨ ਨੇ ਆਰਥਿਕ ਮੌਕਿਆਂ ਨਾਲ ਕਦਮ ਰੱਖਿਆ ਹੈ। ਨਤੀਜਾ ਇਹ ਹੈ ਕਿ ਕੈਨੇਡਾ ਹੁਣ ਸੁਰੱਖਿਆ ਨਾਲੋਂ ਆਰਥਿਕਤਾ ਅਤੇ ਸਥਿਰਤਾ ਨੂੰ ਤਰਜੀਹ ਦਿੰਦਾ ਨਜ਼ਰ ਆ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕਾ ਤੋਂ ਦੂਰੀ ਦੀ ਵੱਡੀ ਵਜ੍ਹਾ ਇਹ ਵੀ ਹੈ ਕਿ ਡੌਨਲਡ ਟਰੰਪ ਦੇ ਦੂਜੇ ਕਾਰਜਕਾਲ 'ਚ ਅਮਰੀਕਾ ਨੇ ਸਹਿਯੋਗੀਆਂ ਨੂੰ ਦੋਸਤ ਨਹੀਂ ਸਗੋਂ ਅਧੀਨ ਸਮਝਣਾ ਸ਼ੁਰੂ ਕਰ ਦਿੱਤਾ। ਕੈਨੇਡਾ ਨੂੰ 51ਵਾਂ ਸੂਬਾ ਕਹਿਣ ਵਰਗੇ ਬਿਆਨ, ਮਨਮਾਨੇ ਟੈਰਿਫ਼ਸ ਅਤੇ ਬਿਨਾਂ ਸਲਾਹ-ਮਸ਼ਵਰੇ ਦੇ ਲਏ ਗਏ ਫ਼ੈਸਲਿਆਂ ਨੇ ਕੈਨੇਡਾ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਕੀ ਅਮਰੀਕਾ ਹੁਣ ਵੀ ਇੱਕ ਭਰੋਸੇਮੰਦ ਸਾਥੀ ਹੈ।

**ਟੈਰਿਫ਼ਾਂ ਦੀ ਮਾਰ, ਆਰਥਿਕਤਾ 'ਤੇ ਸਿੱਧਾ ਅਸਰ:** ਅਮਰੀਕੀ ਟੈਰਿਫ਼ ਨੀਤੀਆਂ ਦਾ ਸਭ ਤੋਂ ਡੂੰਘਾ ਅਸਰ ਕੈਨੇਡਾ ਵਰਗੇ ਐਕਸਪੋਰਟ ਨਿਰਭਰ ਦੇਸ਼ 'ਤੇ ਪਿਆ ਹੈ। ਸਟੀਲ, ਐਲੂਮੀਨੀਅਮ ਅਤੇ ਆਟੋ ਸੈਕਟਰ 'ਚ ਹੋਏ ਨੁਕਸਾਨ ਨੇ ਇਹ ਸਾਫ਼ ਕਰ ਦਿੱਤਾ ਕਿ ਸਿਰਫ਼ ਸੁਰੱਖਿਆ ਸਾਂਝੇਦਾਰੀ ਪੇਟ ਨਹੀਂ ਭਰਦੀ। ਅਜਿਹੇ 'ਚ ਚੀਨ ਵਰਗੇ ਵੱਡੇ ਬਾਜ਼ਾਰ ਨੂੰ ਨਜ਼ਰਅੰਦਾਜ਼ ਕਰਨਾ ਕੈਨੇਡਾ ਲਈ ਸੰਭਵ ਨਹੀਂ ਰਿਹਾ। ਜਿੱਥੇ ਅਮਰੀਕਾ ਦਬਾਅ, ਚਿਤਾਵਨੀ ਅਤੇ ਪਾਬੰਦੀਆਂ ਦੀ ਭਾਸ਼ਾ ਬੋਲਦਾ ਹੈ, ਉੱਥੇ ਚੀਨ ਬਾਜ਼ਾਰ, ਨਿਵੇਸ਼ ਅਤੇ ਟੈਰਿਫ਼ ਰਾਹਤ ਦੀ ਪੇਸ਼ਕਸ਼ ਕਰਦਾ ਹੈ। ਚੀਨੀ ਇਲੈਕਟ੍ਰਿਕ ਵਾਹਨਾਂ 'ਤੇ ਟੈਰਿਫ਼ ਘਟਾਉਣਾ ਅਤੇ ਬਦਲੇ 'ਚ ਕੈਨੋਲਾ ਅਤੇ ਸੀ-ਫ਼ੂਡ 'ਤੇ ਰਾਹਤ ਲੈਣਾ ਕੈਨੇਡਾ ਲਈ ਸਿੱਧਾ-ਸਿੱਧਾ ਫ਼ਾਇਦੇ ਦਾ ਸੌਦਾ ਸੀ।

**ਦੁਨੀਆਂ ਜਿਸੇ ਤਰ੍ਹਾਂ ਦੀ ਹੈ, ਉਸੇ ਤਰ੍ਹਾਂ ਹੀ ਸਵੀਕਾਰ ਕਰੋ:** ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਦੁਨੀਆਂ ਜਿਸ ਤਰ੍ਹਾਂ ਦੀ ਹੈ, ਉਸੇ ਤਰ੍ਹਾਂ ਸਵੀਕਾਰ ਕਰੋ ਨੀਤੀ ਦਰਅਸਲ ਨਵੀਂ ਗਲੋਬਲ ਸੋਚ ਦਾ ਨਾਅਰਾ ਬਣ ਗਈ ਹੈ। ਹੁਣ ਦੇਸ਼ ਇਹ ਨਹੀਂ ਦੇਖਦੇ ਕਿ ਕੌਣ ਲੋਕਤੰਤਰੀ ਹੈ ਅਤੇ ਕੌਣ ਨਹੀਂ ਸਗੋਂ ਇਹ ਦੇਖਦੇ ਹਨ ਕਿ ਕੌਣ ਰੁਜ਼ਗਾਰ ਦਿੰਦਾ ਹੈ ਕਿ ਕੌਣ ਬਾਜ਼ਾਰ ਖੋਲ੍ਹਦਾ ਹੈ ਅਤੇ ਕੌਣ ਸਥਿਰਤਾ ਦਿੰਦਾ ਹੈ। ਯੌਰਪ, ਕੈਨੇਡਾ ਅਤੇ ਇੱਥੋਂ ਤਕ ਕਿ ਏਸ਼ੀਆ ਦੇ ਸਹਿਯੋਗੀ ਵੀ ਹੁਣ ਅਮਰੀਕੀ ਰਣਨੀਤੀ ਤੋਂ ਅਸਹਿਜ ਹਨ।

ਜਦੋਂ ਸਹਿਯੋਗੀ ਆਪਣੇ-ਆਪਣੇ ਹਿੱਤ ਸਾਧਣ ਲੱਗਦੇ ਹਨ ਤਾਂ ਸੁਭਾਵਿਕ ਹੈ ਕਿ ਅਮਰੀਕੀ ਖੇਮੇ 'ਚ ਤਰੇੜਾਂ ਦਿਖਾਈ ਦੇਣ ਲੱਗਣ। ਕੈਨੇਡਾ ਇਕੱਲਾ ਨਹੀਂ। ਭਾਰਤ, ਬ੍ਰਾਜ਼ੀਲ, ਇੰਡੋਨੇਸ਼ੀਆ ਵਰਗੇ ਦੇਸ਼ ਵੀ ਹੁਣ ਇੱਕ ਧਰੁਵ ਦੀ ਬਜਾਏ ਕਈ ਧਰੁਵਾਂ ਨਾਲ ਰਿਸ਼ਤੇ ਨਿਭਾਅ ਰਹੇ ਹਨ। ਕੈਨੇਡਾ ਦੀ ਚੀਨ ਨਾਲ ਨੇੜਤਾ ਇਸੇ

# UK ਦੇ ਗੁਰੂਦੁਆਰਾ ਸਾਹਿਬ 'ਚ ਸੁੱਟਿਆ ਮਾਸ

ਬਰੌਮਵਿਚ: ਬ੍ਰਿਟੇਨ ਦੇ ਵੈੱਸਟ ਬਰੌਮਵਿਚ 'ਚ ਸਥਿਤ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਬਾਹਰ ਕੱਚਾ ਮਾਸ ਸੁੱਟਣ ਦੀ ਘਿਨਾਉਣੀ ਹਰਕਤ ਕਰਨ ਵਾਲੇ ਇੱਕ 42 ਸਾਲਾ ਵਿਅਕਤੀ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਟੌਮਾਜ ਬੁੱਚ ਵਜੋਂ ਹੋਈ ਹੈ ਜਿਸ ਦਾ ਕੋਈ ਪੱਕਾ ਰਿਹਾਇਸ਼ੀ ਪਤਾ ਨਹੀਂ ਮਿਲਿਆ। ਪੁਲੀਸ ਨੇ ਇਸ ਕਾਰਵਾਈ ਨੂੰ ਸਿੱਖ ਧਰਮ ਦੀਆਂ ਮਾਨਤਾਵਾਂ ਦੇ ਖ਼ਿਲਾਫ਼ ਮੰਨਦਿਆਂ ਇਸ ਨੂੰ ਹੇਟ ਕ੍ਰਾਈਮ (ਨਫ਼ਰਤ ਆਧਾਰਿਤ ਅਪਰਾਧ) ਵਜੋਂ ਦਰਜ ਕੀਤਾ ਹੈ।

ਇਹ ਵਾਰਦਾਤ 22 ਦਸੰਬਰ 2025 ਨੂੰ ਅੰਜਾਮ ਦਿੱਤੀ ਗਈ ਸੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਦੀ ਸ਼ਿਕਾਇਤ ਤੋਂ ਬਾਅਦ ਪੁਲੀਸ ਨੇ **CCTV** ਫ਼ੁਟੇਜ ਦੀ ਜਾਂਚ ਕੀਤੀ ਜਿਸ 'ਚ ਮੁਲਜ਼ਮ ਨੂੰ ਗੁਰਦੁਆਰਾ ਸਾਹਿਬ ਦੇ ਗੇਟ 'ਤੇ ਇੱਕ ਥੈਲੇ 'ਚੋਂ ਕੱਚਾ ਮਾਸ ਸੁਟਦੇ ਹੋਏ ਸਾਫ਼ ਦੇਖਿਆ ਗਿਆ। ਉਸੇ ਫ਼ੁਟੇਜ ਦੇ ਅਧਾਰ 'ਤੇ ਪੁਲੀਸ ਨੇ ਮੁਲਜ਼ਮ ਦੀ ਪਛਾਣ ਕਰ ਕੇ ਉਸ ਨੂੰ ਕਾਬੂ ਕੀਤਾ ਹੈ।

ਇਸ ਮਾਮਲੇ 'ਚ ਤੇਜ਼ੀ ਓਦੋਂ ਆਈ ਜਦੋਂ ਵੈੱਸਟ ਬਰੌਮਵਿਚ ਤੋਂ ਲੇਬਰ ਪਾਰਟੀ ਦੀ ਸੰਸਦ ਮੈਂਬਰ ਸਾਰਾ ਕੂਮਬਜ਼ ਨੇ 8 ਜਨਵਰੀ 2026 ਨੂੰ ਬ੍ਰਿਟੇਨ ਦੀ ਸੰਸਦ 'ਚ ਇਹ ਮੁੱਦਾ ਚੁੱਕਿਆ। ਉਨ੍ਹਾਂ ਨੇ ਇਸ ਘਟਨਾ ਨੂੰ ਸਿੱਖਾਂ ਵਿਰੁੱਧ ਨਫ਼ਰਤ ਤੋਂ ਪ੍ਰੇਰਿਤ ਇੱਕ ਭਿਆਨਕ ਵਾਰਦਾਤ ਦੱਸਦਿਆਂ ਕਿਹਾ ਕਿ ਅਜਿਹੀਆਂ ਹਰਕਤਾਂ ਸਿੱਖ ਧਰਮ ਦੀ ਮਰਿਆਦਾ ਦੇ ਖ਼ਿਲਾਫ਼ ਹਨ ਅਤੇ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ। ਮੁਲਜ਼ਮ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਾਰਾ ਕੂਮਬਜ਼ ਨੇ ਸੋਸ਼ਲ ਮੀਡੀਆ'ਤੇ ਵੀਡੀਓ ਸਾਂਝੀ ਕਰ ਕੇ ਖ਼ੁਸ਼ੀ ਜ਼ਾਹਿਰ ਕੀਤੀ ਅਤੇ ਸਖ਼ਤ ਸਜ਼ਾ ਦੀ ਉਮੀਦ ਜਤਾਈ।

ਪੁਲੀਸ ਨੇ ਟੌਮਾਜ ਬ੍ਰਚ ਨੂੰ ਅਦਾਲਤ 'ਚ ਪੇਸ਼ ਕੀਤਾ ਜਿੱਥੋਂ ਉਸ ਨੂੰ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਮਾਮਲੇ ਦੀ ਅਗਲੀ ਸੁਣਵਾਈ ਵੂਲਵਰਹੈਂਪਟਨ ਮੈਜਿਸਟ੍ਰੇਟ ਅਦਾਲਤ 'ਚ ਹੋਵੇਗੀ। ਦੂਜੇ ਪਾਸੇ ਬ੍ਰਿਟੇਨ 'ਚ ਕੰਮ ਕਰ ਰਹੇ ਸਿੱਖ ਅਤੇ ਹਿੰਦੂ ਸੰਗਠਨਾਂ ਨੇ ਪ੍ਰਸ਼ਾਸਨ ਤੋਂ ਅਪੀਲ ਕੀਤੀ ਹੈ ਕਿ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ 'ਚ ਕੋਈ ਅਜਿਹੀ ਬੇਅਦਬੀ ਕਰਨ ਦੀ ਹਿੰਮਤ ਨਾ ਕਰ ਸਕੇ। ਪੁਲੀਸ ਨੇ ਭਰੋਸਾ ਦਿਵਾਇਆ ਹੈ ਕਿ ਧਾਰਮਿਕ ਸਥਾਨਾਂ 'ਤੇ ਅਜਿਹੇ ਨਫ਼ਰਤੀ ਅਪਰਾਧਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਲੀਗਲ ਸੇਵਾਵਾਂ
905-913-2355

ਇੰਡੀਅਨ ਵੀਜ਼ਾ
OCI & Passport
Renewal
514-389-7070

ਦੰਦਾਂ ਦੀ ਦੇਖਭਾਲ
905-450-5600

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਵਕੀਲ ਦੀ ਲੋੜ ?
905-362-0755

ਦੰਦਾਂ ਦੀ ਸਫ਼ਾਈ
FREE ਮੁਫ਼ਤ
905-458-3344
With CDCP

ਇੰਡੀਅਨ ਵੀਜ਼